# ਉਚੇਰੀ ਸਿੱਖਿਆ ਵਿਭਾਗ ਵਿੱਚ ਗਰੁੱਪ 'ਡੀ' ਰੈਗੂਲਰ ਯੋਗ ਕਰਮਚਾਰੀਆਂ ਵਿੱਚੋਂ 'ਲਾਇਬ੍ਰੇਰੀ ਰਿਸਟੋਰਰ' (ਗਰੁੱਪ ਸੀ) ਦੀ ਅਸਾਮੀ ਲਈ 15% ਕੋਟੇ ਅਧੀਨ ਪਦਉਨਤੀਆਂ ਕਰਨ ਸਬੰਧੀ।

Add label ☆

D

Dhiman bp 17:26

to Bhagwant, Ha... ^

| | |
|---|---|
| From | Dhiman bp • dhimanbp1977@gmail.com |
| To | Bhagwant Mann CM Punjab • cmo@punjab.gov.in |
| Cc | Harjot Singh Bains • harjotsinghbains@gmail.com |
| Bcc | pshe@punjab.gov.in |
| Date | Aug 17, 2024, 17:26 |
| | View security details |

ਸੇਵਾ ਵਿਖੇ

ਮਾਣਯੋਗ ਮੁੱਖ ਮੰਤਰੀ, ਪੰਜਾਬ,
ਚੰਡੀਗੜ੍ਹ।

ਵਿਸ਼ਾ : ਉਚੇਰੀ ਸਿੱਖਿਆ ਵਿਭਾਗ ਵਿੱਚ ਗਰੁੱਪ 'ਡੀ' ਰੈਗੂਲਰ ਯੋਗ ਕਰਮਚਾਰੀਆਂ ਵਿੱਚੋਂ ਲਾਇਬ੍ਰੇਰੀ ਰਿਸਟੋਰਰ ( ਗਰੁੱਪ 'ਸੀ') ਦੀ ਅਸਾਮੀ ਲਈ 15% ਕੋਟੇ ਅਧੀਨ ਪਦਉਨਤੀਆਂ ਕਰਨ ਸਬੰਧੀ।

ਸ੍ਰੀਮਾਨ/ ਸ੍ਰੀਮਤੀ ਜੀ,

ਬੇਨਤੀ ਹੈ ਕਿ ਉਚੇਰੀ ਸਿੱਖਿਆ ਵਿਭਾਗ ਵਿੱਚ ਲਾਇਬ੍ਰੇਰੀ ਰਿਸਟੋਰਰ (ਗਰੁੱਪ ਸੀ) ਦੀਆਂ ਕੁੱਲ 88 ਅਸਾਮੀਆਂ ਪ੍ਰਵਾਨਤ ਹਨ, ਜਿਨ੍ਹਾਂ ਵਿੱਚੋਂ 85% ਅਸਾਮੀਆਂ ਸਿੱਧੀ ਭਰਤੀ ਰਾਹੀਂ ਤੇ 15% ਅਸਾਮੀਆਂ ਵਿਭਾਗ ਦੇ ਰੈਗੂਲਰ ਗਰੁੱਪ 'ਡੀ' ਯੋਗ ਕਰਮਚਾਰੀਆਂ ਵਿੱਚੋਂ ਪਦਉਨਤੀ ਰਾਹੀਂ ਭਰੀਆਂ ਜਾਂਦੀਆਂ ਹਨ। ਇਸ ਸਮੇਂ ਉਚੇਰੀ ਸਿੱਖਿਆ ਵਿਭਾਗ ਵੱਲੋਂ ਇਸ ਅਸਾਮੀ ਦੀ ਸਿੱਧੀ ਭਰਤੀ ਤੇ ਪਦਉਨਤੀ ਲਈ ਵਿੱਦਿਅਕ ਯੋਗਤਾ ਮੈਟਰੀਕੁਲੇਸ਼ਨ ਤੇ ਡਿਪਲੋਮਾ ਇਨ ਲਾਇਬ੍ਰੇਰੀ ਸਾਇੰਸ ( Matriculation & Diploma in Library Science) ਨਿਰਧਾਰਤ ਕੀਤੀ ਹੋਈ ਹੈ। ਸਮੇਂ ਸਮੇਂ ਸਿਰ ਉਚੇਰੀ ਸਿੱਖਿਆ ਵਿਭਾਗ ਵੱਲੋਂ ਲਾਇਬ੍ਰੇਰੀ ਰਿਸਟੋਰਰ ਦੀ ਅਸਾਮੀ ਲਈ ਗਰੁੱਪ 'ਡੀ' ਯੋਗ ਕਰਮਚਾਰੀਆਂ ਵਿੱਚੋਂ ਪਦਉਨਤੀਆਂ ਕੀਤੀਆਂ ਜਾਂਦੀਆਂ ਰਹੀਆਂ ਹਨ ਅਤੇ ਆਖਰੀ ਸਮੇਂ ਇਹ ਪਦਉਨਤੀਆਂ ਸਾਲ 2011 ਵਿੱਚ ਕੀਤੀਆਂ ਗਈਆਂ ਸਨ।

ਪਦਉਨਤੀਆਂ ਕਰਨ ਸਬੰਧੀ ਐਸੋਸੀਏਸ਼ਨ ਆਪ ਜੀ ਦਾ ਧਿਆਨ ਪੰਜਾਬ ਸਰਕਾਰ, ਪਰਸੋਨਲ ਵਿਭਾਗ ਦੇ ਪੱਤਰ ਨੰਬਰ PERS-PP-103/1/2023-2PP1/260, ਮਿਤੀ 11-7-2024 (ਕਾਪੀ ਨੱਥੀ ਹੈ) ਵੱਲ ਦਿਵਾਉਣਾ ਚਾਹੁੰਦੀ ਹੈ, ਜਿਸ ਵਿੱਚ ਮੁੱਖ ਸਕੱਤਰ, ਪੰਜਾਬ ਸਰਕਾਰ ਵੱਲੋਂ ਸਮੂਹ ਪ੍ਰਬੰਧਕੀ ਸਕੱਤਰਾਂ ਨੂੰ ਲਿਖਿਆ ਗਿਆ ਹੈ ਕਿ ਆਪ ਦੇ ਵਿਭਾਗ ਅਧੀਨ ਲੰਬਿਤ ਪਏ ਪਦਉਨਤੀ ਦੇ ਕੇਸਾਂ ਦਾ ਇੱਕ ਮਹੀਨੇ ਦੇ ਅੰਦਰ-ਅੰਦਰ ਨਿਯਮਾਂ/ਹਦਾਇਤਾਂ ਅਨੁਸਾਰ ਨਿਪਟਾਰਾ ਕਰਨਾ ਯਕੀਨੀ ਬਣਾਇਆ ਜਾਵੇ। ਐਸੋਸੀਏਸ਼ਨ ਪਦਉਨਤੀ ਸਬੰਧੀ ਮੁੱਖ ਸਕੱਤਰ, ਪੰਜਾਬ ਜੀ ਦੇ ਉਪਰੋਕਤ ਪੱਤਰ ਮਿਤੀ 11-7-2024 ਦੀ ਰੌਸ਼ਨੀ ਵਿੱਚ ਆਪ ਜੀ ਦੀ ਸੇਵਾ ਵਿੱਚ ਬੇਨਤੀ ਕਰਦੀ ਹੈ ਕਿ ਉਚੇਰੀ ਸਿੱਖਿਆ ਵਿਭਾਗ ਵਿੱਚ ਗਰੁੱਪ 'ਡੀ' ਰੈਗੂਲਰ ਯੋਗ ਕਰਮਚਾਰੀਆਂ ਵਿੱਚੋਂ ਲਾਇਬ੍ਰੇਰੀ ਰਿਸਟੋਰਰ (ਗਰੁੱਪ 'ਸੀ') ਦੀ ਅਸਾਮੀ ਲਈ 15% ਕੋਟੇ ਅਧੀਨ

ਪਦਉਨਤੀਆਂ ਨਿਯਮਾਂ/ ਹਦਾਇਤਾਂ ਅਨੁਸਾਰ ਜਲਦੀ ਕਰਨ ਦੀ ਕਿਰਪਾਲਤਾ ਕੀਤੀ ਜਾਵੇ ਜੀ।
ਨੱਥੀ : ਮੁੱਖ ਸਕੱਤਰ, ਪੰਜਾਬ ਪੱਤਰ ਮਿਤੀ 11-7-2024.

ਧੰਨਵਾਦ ਸਹਿਤ,


ਆਪਜੀ ਦਾ ਵਿਸ਼ਵਾਸ਼ਪਾਤਰ,
ਬਰਜਿੰਦਰ ਪਾਲ ਧੀਮਾਨ, ਪ੍ਰਧਾਨ, ਪੰਜਾਬ ਕਾਲਜ ਲਾਇਬ੍ਰੇਰੀਅਨਜ਼ ਐਸੋਸੀਏਸ਼ਨ( ਪੀ.ਸੀ.ਐਲ.ਏ.)
ਮੋ: 97797-61939
E-mail: dhimanbp1977@gmail.com


ਵੱਲ,

ਪੰਜਾਬ ਰਾਜ ਦੇ ਸਮੂਹ ਵਿਸ਼ੇਸ਼ ਮੁੱਖ ਸਕੱਤਰ/ਵਧੀਕ ਮੁੱਖ ਸਕੱਤਰ/
ਵਿੱਤੀ ਕਮਿਸ਼ਨਰ/ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ।

ਵਿਸ਼ਾ: ਅਧਿਕਾਰੀਆਂ/ਕਰਮਚਾਰੀਆਂ ਦੀਆਂ ਪਦਉੱਨਤੀਆਂ ਕਰਨ ਸਬੰਧੀ।

ਦਫ਼ਤਰ ਮੁੱਖ ਸਕੱਤਰ, ਪੰਜਾਬ ਦੇ ਪੱਤਰ ਮਿਤੀ 21.12.2023 ਦੇ ਹਵਾਲੇ ਵਿਚ।

2. ਹਵਾਲਾ ਅਧੀਨ ਪੱਤਰ ਰਾਹੀਂ ਮੁੱਖ ਮੰਤਰੀ, ਪੰਜਾਬ ਜੀ ਦੇ ਆਦੇਸ਼ਾਂ ਦੀ ਪਾਲਣਾ ਵਿਚ ਆਪ ਨੂੰ ਆਪ ਦੇ ਵਿਭਾਗ ਅਧੀਨ ਵੱਖ-ਵੱਖ ਕਾਡਰ ਦੇ ਅਧਿਕਾਰੀਆਂ/ਕਰਮਚਾਰੀਆਂ ਦੀਆਂ ਪਦਉੱਨਤੀਆਂ ਦੇ ਮ[illegible]ਕਰਨ ਸਬੰਧੀ ਦਿਸ਼ਾ ਨਿਰਦੇਸ਼ ਜਾਰੀ ਕੀਤੇ ਗਏ ਸਨ ਪਰੰਤੂ ਇਹ ਧਿਆਨ ਵਿਚ ਆਇਆ ਹੈ ਕਿ ਕਈ ਵਿਭਾਗਾਂ ਵਿਚ ਅਜੇ ਵੀ ਪਦਉੱਨਤੀਆਂ ਦੇ ਕੇਸ ਲੰਬਿਤ ਹਨ। ਸਮੂਹ ਪ੍ਰਬੰਧਕੀ ਸਕੱਤਰਾਂ ਨੂੰ ਹਵਾਲਾ ਅਧੀਨ ਪੱਤਰ ਦੀ ਲਗਾਤਾਰਤਾ ਵਿਚ ਲਿਖਿਆ ਜਾਂਦਾ ਹੈ ਕਿ ਆਪ ਦੇ ਵਿਭਾਗ ਅਧੀਨ ਲੰਬਿਤ ਪਏ ਪਦਉੱਨਤੀ ਦੇ ਕੇਸਾਂ ਦਾ ਇੱਕ ਮਹੀਨੇ ਦੇ ਅੰਦਰ-ਅੰਦਰ ਨਿਯਮਾਂ/ਹਦਾਇਤਾਂ

IMG-202…071.jpg